ਨਸਲੀ ਬਰਾਬਰੀ ਲਈ ਸਕੌਟਲੈਂਡ ਵਿਚ



# ਨਵੇਂ ਕਾਨੂੰਨ

SCOTTISH EXECUTIVE

ਅਸੀਂ ਇਸ ਨੂੰ ਇਕੱਠਿਆਂ ਚਲਾ ਸਕਦੇ ਹਾਂ

# ਨਵੇਂ ਕਾਨੂੰਨ

## ਰੇਸ ਰਿਲੇਸ਼ਨਸ ਐਕਟ ਵਿਚ ਕੀ ਤਬਦੀਲੀਆਂ ਕੀਤੀਆਂ ਹਨ?

ਯੂ. ਕੇ. ਦੀ ਸਰਕਾਰ ਨੇ ਰੇਸ ਰਿਲੇਸ਼ਨਸ ਐਕਟ 1976 (ਦੇ ਨਸਲੀ ਸਬੰਧਾਂ ਦੇ ਕਾਨੂੰਨ) ਵਿਚ ਮਹੱਤਵਪੂਰਨ ਤਬਦੀਲੀਆਂ ਕੀਤੀਆਂ ਹਨ।ਇਹ ਸ਼ਕਤੀਵਾਨ ਕੀਤਾ ਕਾਨੂੰਨੀ ਢਾਂਚਾ ਯੂ. ਕੇ. ਭਰ ਦੀਆਂ ਸਰਕਾਰੀ ਅਥੌਰਿਟੀਆਂ ਨੂੰ ਜਨਤਾ ਨੂੰ ਇਹੋ ਜਿਹੀਆਂ ਪੱਬਲਿਕ ਸੇਵਾਵਾਂ ਪਰਦਾਨ ਕਰਨ ਵਿਚ ਸਹਾਇਤਾ ਕਰੇਗਾ ਜੋ ਉਨ੍ਹਾਂ ਦੀ ਨਸਲ ਜਾਂ ਰੰਗ ਤੋਂ ਨਿਰਪੱਖ ਅਤੇ ਸੱਭ ਦੀ ਪਹੁੰਚ ਤੱਕ ਹੋਣ ਵਾਲੀਆਂ ਹੋਣਗੀਆਂ। ਇਹ ਜਨਤਾ ਦੇ ਲੋਕਾਂ ਨਾਲ ਹੁੰਦੇ ਗ਼ੈਰ ਕਾਨੂੰਨੀ ਨਸਲੀ ਪੱਖਪਾਤ ਤੋਂ ਵਧੇਰੇ ਰੱਖਿਆ ਕਰੇਗਾ। ਖਾਸ ਕਰਕੇ ਇਹ ਤਬਦੀਲੀਆਂ

- *ਰੇਸ ਰਿਲੇਸ਼ਨਸ ਐਕਟ ਦੇ ਵਿਚ ਵਿਚ ਦੇ ਪੱਖਪਾਤ-ਵਿਰੋਧੀ ਪਰਬੰਧਾਂ ਨੂੰ ਵਿਆਪਕ ਬਣਾਉਣਗੀਆਂ ਅਤੇ ਸ਼ਕਤੀਵਾਨ ਕਰਨਗੀਆਂ; ਅਤੇ*
- *ਮੁੱਖ ਸਰਕਾਰੀ ਮੰਡਲਾਂ 'ਤੇ ਨਸਲੀ ਬਰਾਬਰੀ ਨੂੰ ਵਧਾਉਣ ਦੀ ਨਵੀਂ ਅਤੇ ਲਾਗੂ ਕੀਤੀ ਜਾ ਸਕਣ ਵਾਲੀ ਜ਼ਿੰਮੇਵਾਰੀ ਲਗਾਉਣਗੀਆਂ।*

ਇਹ ਲੀਫ਼ਲੈਟ (ਪਰਚਾ) ਨਵੀਆਂ ਤਬਦੀਲੀਆਂ ਕੀ ਹਨ, ਸਰਕਾਰੀ ਅਥੌਰਿਟੀਆਂ ਲਈ ਅਤੇ ਇਸ ਦੇ ਨਾਲ ਨਾਲ ਜ਼ਰੂਰੀ ਤੌਰ'ਤੇ ਸਰਕਾਰੀ ਸੇਵਾਵਾਂ ਵਰਤਣ ਵਾਲਿਆਂ ਲਈ ਇਨ੍ਹਾਂ ਦਾ ਕੀ ਅਰਥ ਹੈ, ਬਾਰੇ ਸਮਝਾਉਂਦਾ ਹੈ।

## ਪੱਖਪਾਤ-ਵਿਰੋਧੀ ਪਰਬੰਧਾਂ ਵਿਚ ਸੋਧ ਕਿਵੇਂ ਕੀਤੀ ਗਈ ਹੈ?

1976 ਦਾ ਅਸਲੀ ਰੇਸ ਰਿਲੇਸ਼ਨਸ ਐਕਟ ਨੌਕਰੀਆਂ, ਹਾਊਜ਼ਿੰਗ, ਸਿੱਖਿਆ (ਵਿੱਦਿਆ) ਅਤੇ ਟ੍ਰੇਨਿੰਗ ਅਤੇ ਚੀਜ਼ਾਂ ਸਹੂਲਤਾਂ (ਸੁਵਿਧਾਵਾਂ) ਅਤੇ ਸੇਵਾਵਾਂ ਦੇ ਪਰਬੰਧਾਂ ਵਰਗੇ ਖੇਤਰਾਂ ਵਿਚ ਕਿਸੇ ਨਾਲ ਪੱਖਪਾਤ ਕਰਨਾ ਅਤੇ ਪੀੜਤ (ਸ਼ਿਕਾਰ) ਬਣਾਉਣਾ ਗ਼ੈਰ-ਕਾਨੂੰਨੀ ਬਣਾਉਂਦਾ ਸੀ। 1976 ਦੇ ਇਸ ਕਾਨੂੰਨ ਵਿਚ ਸੋਧ ਕੀਤੀ ਗਈ ਹੈ, ਤਾਂ ਕਿ ਸਾਰੇ ਸਰਕਾਰੀ ਕੰਮਾਂ ਵਿਚ ਨਸਲੀ ਵਿਤਕਰਾ ਗ਼ੈਰ-ਕਾਨੂੰਨੀ ਕਰਾਰ ਦੇ ਦਿੱਤਾ ਜਾਵੇ।*

ਇਹ ਨਵੇਂ ਪਰਬੰਧ (ਸੈਕਸ਼ਨ) 2 ਅਪ੍ਰੈਲ 2001 ਤੋਂ ਲਾਗੂ ਹੋਏ ਸਨ ਅਤੇ ਇਹ ਲੋਕਾਂ ਨੂੰ - ਉਨ੍ਹਾਂ ਦੀ ਨਸਲ ਜਾਂ ਰੰਗ ਦੀ ਪਰਵਾਹ ਕੀਤੇ ਬਗ਼ੈਰ- ਨਸਲੀ ਪੱਖਪਾਤ ਤੋਂ- ਮਿਲਣ ਵਾਲੀ ਸੁਰੱਖਿਆ ਦੇਣ ਵਿਚ ਇਕ ਮਹੱਤਵਪੂਰਨ ਅਗੇਰਾ ਪੁੱਟਿਆ ਜਾਣ ਵਾਲਾ ਕਦਮ ਹੈ।

* ਇਨ੍ਹਾਂ ਵਿਚ ਪਾਰਲੀਮੈਂਟ, ਅਦਾਲਤੀ ਫ਼ੈਸਲੇ ਅਤੇ ਸਿਕਿਉਰਿਟੀ ਸਰਵਿਸਿਸ ਦੇ ਕੰਮਾਂ ਵਰਗੀਆਂ ਕੁੱਝ ਇਕ ਸੀਮਤ ਛੋਟਾਂ ਹਨ।



## ਜੇ ਮੇਰੇ ਨਾਲ ਕਿਸੇ ਪਰਕਾਰ ਦਾ ਪੱਖਪਾਤ ਹੋਇਆ ਹੋਵੇ, ਤਾਂ ਮੈਂ ਕੀ ਕਰ ਸਕਦਾ/ਦੀ ਹਾਂ?

ਜੇ ਤੁਸੀਂ ਸੋਚਦੇ ਹੋ ਕਿ ਤੁਹਾਡੇ ਨਾਲ ਇਹੋ ਜਿਹੇ ਖੇਤਰ ਵਿਚ ਵਿਤਕਰਾ ਹੋਇਆ ਹੈ ਜਿੱਥੇ ਇਸ ਨੂੰ ਗ਼ੈਰ-ਕਾਨੂੰਨੀ ਕਰਾਰ ਦਿੱਤਾ ਹੋਇਆ ਹੈ, ਤਾਂ ਤੁਸੀਂ ਆਪਣੇ ਹੱਕਾਂ ਨੂੰ ਸਕੌਟਲੈਂਡ ਦੇ ਇਕ ਸ਼ੈਰੀਫ਼ ਕੋਰਟ ਵਿਚ ਲਿਜਾ ਸਕਦੇ ਹੋ।

ਯੂ.ਕੇ. ਵਿਚ ਦਾਖ਼ਲ ਹੋਣ ਦੇ ਹੱਕ ਜਾਂ ਇੱਥੇ ਰਹਿਣ ਦੇ ਫ਼ੈਸਲਿਆਂ ’ਤੇ ਦਾਅਵੇ (ਇਮੀਗ੍ਰੇਸ਼ਨ ਅਪੀਲ ਦੀ ਅਦਾਲਤ) ਇਮੀਗ੍ਰੇਸ਼ਨ ਐਪਲੈਟ ਅਥੌਰਿਟੀਸ ਵਿਚ ਸੁਣੇ ਜਾਣਗੇ।

ਸਰਕਾਰੀ ਨੌਕਰੀਆਂ (ਅਪੁਆਇੰਟਮੰਟਸ) ਬਾਰੇ ਦਾਅਵੇ ਹਾਈ ਕੋਰਟ ਜਾਂ ਕੋਰਟ ਔਫ਼ ਸੈਸ਼ਨ ਵਿਚ ਸੁਣੇ ਜਾਣਗੇ।

ਨੌਕਰੀਆਂ (ਇਮਪਲੌਇਮੰਟ)ਅਤੇ ਟ੍ਰੇਨਿੰਗ ਬਾਰੇ ਦਾਅਵੇ ਅਜੇ ਵੀ ਇਮਪਲੌਇਮੰਟ ਟ੍ਰਾਈਬਜੂਨਲਾਂ ਵਿਚ ਸੁਣੇ ਜਾਣਗੇ।

## ਜੇ ਮੇਰੇ ਨਾਲ ਪੱਖਪਾਤ ਹੋਇਆ ਹੋਵੇ, ਤਾਂ ਮੈਨੂੰ ਸਹਾਇਤਾ ਕਿੱਥੋਂ ਮਿਲ ਸਕਦੀ ਹੈ?

ਜੋ ਲੋਕ ਸੋਚਦੇ ਹਨ ਕਿ ਉਹ ਨਸਲੀ ਵਿਤਕਰੇ ਜਾਂ ਪਰੇਸ਼ਾਨੀ ਦੇ ਸ਼ਿਕਾਰ ਹੋਏ ਹਨ, ਉਨ੍ਹਾਂ ਲਈ ਕਮਿਸ਼ਨ ਫ਼ੌਰ ਰੇਸ਼ੀਅਲ ਇਕੁਵਾਲਿਟੀ ਜਾਣਕਾਰੀ ਅਤੇ ਸਲਾਹ ਦਿੰਦਾ ਹੈ। ਸਕੌਟ ਲੈਂਡ ਵਿਚ ਉਨ੍ਹਾਂ ਨਾਲ:

The Tun, 12 Jackson’s Entry, off Holyrood Road, EDINBURGH EH8 8PJ.
ਟੈਲੀਫ਼ੋਨ 0131 524 2000 ’ਤੇ ਸੰਪਰਕ ਕੀਤਾ ਜਾ ਸਕਦਾ ਹੈ।

ਤੁਸੀਂ ਆਪਣੀ ਟ੍ਰੇਡ ਯੂਨੀਅਨ ਜਾਂ ਸਿਟੀਜ਼ਨ ਐਡਵਾਈਸ ਬਿਉਰੋ ਨਾਲ ਸੰਪਰਕ ਕਰਨ ਦਾ ਵਿਚਾਰ ਵੀ ਕਰ ਸਕਦੇ ਹੋ।

## ਇਸ ਕਾਨੂੰਨ ਦੇ ਦੂਜੇ ਪਰਬੰਧਾਂ (ਸੈਕਸ਼ਨਾਂ) ਤੋਂ ਨਸਲੀ ਬਰਾਬਰੀ ਨੂੰ ਵਧਾਉਣ ਦੀ ਜ਼ਿੰਮੇਵਾਰੀ ਵੱਖ ਕਿਵੇਂ ਹੈ?

ਨਸਲਵਾਦ ਨਾਲ ਟਾਕਰਾ ਵਧਾਉਣ ਨੂੰ ਇਕ ਨਵੀਂ ਦਿਸ਼ਾ ਦੇਣ ਲਈ ਸਰਕਾਰ ਨੇ ਨਸਲੀ ਬਰਾਬਰੀ ਨੂੰ ਵਧਾਉਣ ਲਈ ਬਹੁਤ ਸਾਰੀਆਂ ਸਰਕਾਰੀ ਅਥੌਰਿਟੀਆਂ ’ਤੇ ਇਕ ਆਮ ਜ਼ਿੰਮੇਵਾਰੀ ਲਾ ਦਿੱਤੀ ਹੈ। ਇਹ ਜ਼ਿੰਮੇਵਾਰੀ ਉਨ੍ਹਾਂ ਤੋਂ ਨਸਲੀ ਵਿਤਕਰਾ ਹੋਣ ਦੇ ਕੰਮ ਹੋਣ ਤੋਂ ਪਹਿਲਾਂ ਉਨ੍ਹਾਂ ਨੂੰ ਰੋਕਣਾ ਲੋੜਦੀ ਹੈ। ਇਨ੍ਹਾਂ ਸਰਕਾਰੀ ਅਥੌਰਿਟੀਆਂ ਨੂੰ ਆਪਣੇ ਪੱਬਲਿਕ ਕੰਮ ਕਰਦਿਆਂ;

*“ਗ਼ੈਰ-ਕਾਨੂੰਨੀ ਨਸਲੀ ਵਿਤਕਰਾ ਮੁਕਾਉਣ ਦਾ ਮੁਨਾਸਿਬ ਧਿਆਨ ਰੱਖਣਾ ਚਾਹੀਦਾ ਹੈ ਅਤੇ ਵੱਖ ਵੱਖ ਨਸਲਾਂ ਦੇ ਗਰੁੱਪਾਂ ਵਿਚਕਾਰ ਬਰਾਬਰੀ ਦੇ ਮੌਕੇ ਦੇਣਾ ਉਚਿਆਣਾ ਅਤੇ ਚੰਗੇ ਸਬੰਧ ਰੱਖਣੇ ਚਾਹੀਦੇ ਹਨ।”*

ਇਹ ਜ਼ਿੰਮੇਵਾਰੀ ਵੀ 2 ਅਪ੍ਰੈਲ 2001 ਤੋਂ ਲਾਗੂ ਹੋਈ ਸੀ। ਇਸ ਜ਼ਿੰਮੇਵਾਰੀ ਦੇ ਘੇਰੇ ਵਿਚ ਆਈਆਂ ਅਥੌਰਿਟੀਆਂ ਦੀ ਲਿਸਟ ਵਿਚ 3 ਦਸੰਬਰ ਤੋਂ ਹੋਰ ਵਾੱਧਾ ਕੀਤਾ ਗਿਆ ਸੀ ਅਤੇ ਹੁਣ ਇਸ ਲਿਸਟ ਵਿਚ ਯੂ. ਕੇ. ਭਰ ਦੀਆਂ 40,000 ਸਰਕਾਰੀ ਬੌਡੀਆਂ (ਮੰਡਲ) ਸ਼ਾਮਿਲ ਹਨ।

## ਇਨ੍ਹਾਂ ਖਾਸ ਜ਼ਿੰਮੇਵਾਰੀਆਂ ਦਾ ਮੰਤਵ ਕੀ ਹੈ?

ਸਰਕਾਰ ਨੇ ਫ਼ੈਸਲਾ ਕੀਤਾ ਸੀ ਕਿ- ਕੇਂਦਰੀ ਅਤੇ ਸਥਾਨਕ ਮੰਡਲਾਂ ਸਮੇਤ ਮੁੱਖ ਸਰਕਾਰੀ ਅਥੌਰਿਟੀਆਂ- ਕੁੱਝ ਇਕ ਖ਼ਾਸ ਵਾੱਧੂ ਜ਼ਿੰਮੇਵਾਰੀਆਂ ਹੇਠ ਹੋਣ। ਉਨ੍ਹਾਂ ਨੂੰ ਇਹ ਖ਼ਾਸ ਕੰਮ ਕਰਨ ਦੀ ਲੋੜ ਹੈ ਜੋ ਕਿ ਉਨ੍ਹਾਂ ਨੂੰ ਨਸਲੀ ਬਰਾਬਰੀ ਵਧਾਉਣ ਵਿਚ ਸਹਾਈ ਹੋਣ। ਸਕੌਟਲੈਂਡ ਦੇ ਸਰਕਾਰੀ ਮੰਡਲਾਂ ਨੂੰ ਇਹ ਨਵੀਂਆਂ ਜ਼ਿੰਮੇਵਾਰੀਆਂ 30 ਨਵੰਬਰ 2002 ਤੱਕ ਲਾਗੂ ਕਰ ਦੇਣੀਆਂ ਚਾਹੀਦੀਆਂ ਹਨ। ਜਿਹੜੀਆਂ ਸਕੌਟਿਸ਼ ਬੌਡੀਆਂ ਇਨ੍ਹਾਂ ਦੇ ਅਸਰ ਹੇਠ ਆਈਆਂ ਹਨ, ਉਨ੍ਹਾਂ ਦੀ ਸੂਚੀ ਇਸ ਲੀਫ਼ਲੈਟ ਦੇ ਅੰਤ ਵਿਚ ਸ਼ਾਮਿਲ ਕੀਤੀ ਗਈ ਹੈ।

## ਇਨ੍ਹਾਂ ਖ਼ਾਸ ਜ਼ਿੰਮੇਵਾਰੀਆਂ ਦਾ ਅਰਥ ਸਰਕਾਰੀ ਸੇਵਾਵਾਂ ਪਲੈਨ ਕਰਨ ਤੇ ਬਣਾਉਣ ਵਾਲਿਆਂ ਅਤੇ ਪ੍ਰਾਪਤ ਕਰਨ ਵਾਲਿਆਂ ਲਈ ਕੀ ਹੋਵੇਗਾ?

ਜੋ ਸਰਕਾਰੀ ਸੇਵਾਂਵਾਂ ਪਰਦਾਨ ਕਰਦੇ ਹਨ, ਉਨ੍ਹਾਂ ਨੂੰ ਇਹ ਪੱਕਿਆਂ ਕਰਨ ਦੀ ਲੋੜ ਹੋਵੇਗੀ ਕਿ ਉਨ੍ਹਾਂ ਦੀਆਂ ਪੌਲਿਸੀਆਂ ਅਤੇ ਸੇਵਾਵਾਂ ਨਿਰਪੱਖ ਹਨ। ਇਹ ਖ਼ਾਸ ਜ਼ਿੰਮੇਵਾਰੀਆਂ ਮੁੱਖ ਬੌਡੀਆਂ ਤੋਂ ਇਹ ਮੰਗ ਕਰਦੀਆਂ ਹਨ ਕਿ ਉਹ ਇਸ ਜ਼ਿੰਮੇਵਾਰੀ ਨਾਲ ਸਬੰਧਤ ਆਪਣੇ ਸਰਕਾਰੀ ਕੰਮਾਂ ਨੂੰ ਵਰਨਣ ਕਰਦੀ ਇਕ ਨਸਲੀ ਬਰਾਬਰੀ ਸਬੰਧਾਂ ਦੀ (ਰੇਸ ਰਿਲੇਸ਼ਨ ਇਕੁਵਾਲਿਟੀ) ਸਕੀਮ ਪਰਕਾਸ਼ਿਤ ਕਰਨ। ਇਨ੍ਹਾਂ ਮੰਡਲਾਂ ਨੂੰ (ਅੱਗੇ ਲਿਖਿਆ ਕਰਨ ਲਈ) ਜੋ ਪੌਲਿਸੀਆਂ ਅਪਨਾਉਣ

ਦਾ ਪ੍ਰਸਤਾਵ ਉਹ ਕਰ ਹੇ ਹੋਣ, ਦਾ ਮੁਲਾਂਕਣ ਕਰਨ ਅਤੇ ਉਨ੍ਹਾਂ ਬਾਰੇ ਸਲਾਹ ਕਰਨ ਦੇ ਢੰਗ-ਤਰੀਕਿਆਂ ਨੂੰ (ਮਿੱਥਣ) ਦਰਸਾਉਣ ਦੀ ਲੋੜ ਵੀ ਹੋਵੇਗੀ; ਇਹ ਨਿਗਰਾਨੀ ਕਰਨ ਲਈ ਕਿ ਨਸਲੀ ਬਰਾਬਰੀ ਵਧਾਉਣ ’ਤੇ ਉਨ੍ਹਾਂ ਦੀਆਂ ਪੌਲਿਸੀਆਂ (ਨੀਤੀਆਂ) ਦਾ ਕੋਈ ਉਲਟਾ ਅਸਰ ਤਾਂ ਨਹੀਂ ਹੋ ਰਿਹਾ; ਉਨ੍ਹਾਂ ਵਲੋਂ ਕੀਤੇ ਗਏ ਮੁਲਾਂਕਣ, ਸਲਾਹਕਾਰੀ ਅਤੇ ਨਿਗਰਾਨੀ ਦੇ ਨਤੀਜਿਆਂ ਨੂੰ ਪ੍ਰਕਾਸ਼ਿਤ ਕਰਨ ਲਈ; ਜਾਣਕਾਰੀ ਅਤੇ ਸੇਵਾਵਾਂ ਤੱਕ ਜਨਤਾ ਦੀ ਪਹੁੰਚ ਪੱਕਿਆਂ ਕਰਨ ਲਈ; ਅਤੇ ਇਸ ਜ਼ਿੰਮੇਵਾਰੀ ਦੇ ਸਬੰਧ ਵਿਚ ਸਟਾਫ਼ ਨੂੰ (ਸਿਖਲਾਈ ਦੇਣ) ਟ੍ਰੇਨ ਕਰਨ ਲਈ।

ਸਕੂਲਾਂ ਅਤੇ ਅਗੇਰੀ ਤੇ ਉਚੇਰੀ ਵਿੱਦਿਆ ਦੀਆਂ ਸੰਸਥਾਵਾਂ ਲਈ ਵੱਖਰੀਆਂ ਜ਼ਿੰਮੇਵਾਰੀਆਂ ਹਨ।

## ਪੱਬਲਿਕ ਸੈੱਕਟਰ (ਸਰਕਾਰੀ ਖੇਤਰ) ਦੇ ਕੰਮ-ਦਾਤਿਆਂ ਅਤੇ ਨੌਕਰਾਂ ਲਈ ਇਨ੍ਹਾਂ ਜ਼ਿੰਮੇਵਾਰੀਆਂ ਦਾ ਕੀ ਅਰਥ ਹੈ?

ਕੰਮ-ਦਾਤਿਆਂ ਵਜੋਂ ਸਰਕਾਰੀ ਮੰਡਲਾਂ ਨੂੰ ਇਹ ਪੱਕਾ ਕਰਨ ਦੀ ਲੋੜ ਹੈ ਕਿ ਉਨ੍ਹਾਂ ਦੇ ਢੰਗ-ਤਰੀਕੇ ਅਤੇ ਅਮਲ ਨਿਰਪੱਖ ਹਨ। ਆਮ ਜ਼ਿੰਮੇਵਾਰੀ ਹੇਠ ਆਏ ਮੰਡਲ ਅਤੇ ਜੋ ਨੌਕਰਾਂ ਦਾ ਅਮਲਾ ਰੱਖਦੇ ਹਨ, ਨੌਕਰੀਆਂ ਦੇਣ ਦੀਆਂ ਖ਼ਾਸ ਜ਼ਿੰਮੇਵਾਰੀਆਂ ਹੇਠ ਹੋਣਗੇ। ਇਹ ਉਨ੍ਹਾਂ ਨੂੰ ਉਨ੍ਹਾਂ ਦੇ ਆਪਣੇ ਅਮਲੇ ਵਿਚ ਅਤੇ ਨੌਕਰੀਆਂ ਦੇ ਅਮਲਾਂ ਵਿਚ ਨਸਲੀ ਬਰਾਬਰੀ ਕਰਨ ਲਈ ਸਹਾਈ ਹੋਣਗੀਆਂ।

## ਕਮਿਸ਼ਨ ਫ਼ੌਰ ਰੇਸ਼ੀਅਲ ਇਕੁਵਾਲਿਟੀ ਇਸ ਵਿਚ ਕੀ ਕਿਰਦਾਰ (ਰੋਲ) ਨਿਭਾਉਗਾ?

ਸਰਕਾਰ ਚਾਹੁੰਦੀ ਹੈ ਕਿ ਕਮਿਸ਼ਨ ਫ਼ੌਰ ਰੇਸ਼ੀਅਲ ਇਕੁਵਾਲਿਟੀ (CRE) ਸਰਕਾਰੀ ਮੰਡਲਾਂ ਨੂੰ ਸਲਾਹ ਦੇ ਕੇ ਅਤੇ ਚੰਗੇ ਅਮਲਾਂ ਦੀਆਂ ਉਦਾਹਰਣਾਂ ਦੇ ਕੇ ਉਨ੍ਹਾਂ ਦੀ ਸਹਾਇਤਾ ਕਰੇ। CRE ਸਰਕਾਰੀ ਅਥੌਰਿਟੀਆਂ ਨੂੰ ਉਨ੍ਹਾਂ ਦੀਆਂ ਨਵੀਆਂ ਜ਼ਿੰਮੇਵਾਰੀਆਂ ਨੂੰ ਪੂਰਾ ਕਰਨ ਵਿਚ ਅਗੇਰੀ ਸਹਾਇਤਾ ਕਰਨ ਲਈ ਗਾਈਡੈਂਸ (ਪਥਪਰਦਰਸ਼ਨ) ਪਰਦਾਨ ਕਰਦਿਆਂ ਅਮਲਾਂ ਦੇ ਕਾਨੂੰਨੀ ਸੰਕੇਤ (ਸਟੈਚਯੂਟਰੀ ਕੋਡ ਔਫ਼ ਪ੍ਰੈਕਟਿਸ) ਦੇ ਸਕਦਾ ਹੈ।

## ਜੇ ਕੋਈ ਮੰਡਲ ਨਸਲੀ ਬਰਾਬਰੀ ਨੂੰ ਉਚਿਆਉਣ ਦੀ ਜ਼ਿੰਮੇਵਾਰੀ ਨੂੰ ਲਾਗੂ ਕਰਨ ਵਿਚ ਅਸਫਲ ਰਹੇ, ਤਾਂ ਉਸ ਦੇ ਵਿਰੁਧ (ਖ਼ਲਾਫ਼) ਕੀ ਕਾਰਵਾਈ ਕੀਤੀ ਜਾ ਸਕਦੀ ਹੈ?

ਇੱਛਾ ਇਹ ਹੈ ਕਿ ਨਸਲੀ ਬਰਾਬਰੀ ਨੂੰ ਉਚਿਆਉਣ ਦੀ ਜ਼ਿੰਮੇਵਾਰੀ ਦੇ ਸਬੰਧ ਵਿਚ ਸਾਰੀਆਂ ਸ਼ਿਕਾਇਤਾਂ CRE ਰਾਹੀਂ ਵੰਗਾਰੀਆਂ ਜਾਣੀਆਂ ਚਾਹੀਦੀਆਂ ਹਨ। ਜੇ ਕੋਈ ਪੱਬਲਿਕ ਅਥੌਰਿਟੀ ਆਪਣੀਆਂ ਖ਼ਾਸ ਜ਼ਿੰਮੇਵਾਰੀਆਂ ਲਾਗੂ ਕਰਨ ਵਿਚ ਅਸਫਲ ਰਹਿੰਦੀ ਹੈ, ਤਾਂ CRE ਉਸ ਬੌਡੀ ਤੋਂ ਇਨ੍ਹਾਂ ਨੂੰ ਲਾਗੂ ਕਰਨ ਦੀ ਮੰਗ ਕਰਦਿਆਂ ਲਾਗੂ ਕਰਨ ਦੀ ਕਾਰਵਾਈ ਕਰ ਸਕਦਾ ਹੈ।

## ਉਹ ਮੰਡਲ ਅਤੇ ਹੋਰ ਵਿਅਕਤੀ ਜਿਨ੍ਹਾਂ ਤੋਂ ਨਸਲੀ ਬਰਾਬਰੀ ਦੀ ਸਕੀਮ ਪ੍ਰਕਾਸ਼ਿਤ ਕਰਨ ਦੀ ਮੰਗ ਹੈ?

ਦ ਅਕਾਉਂਟਸ ਕਮਿਸ਼ਨ ਫ਼ੌਰ ਸਕੌਟਲੈਂਡ
ਔਡਿਟ ਸਕੌਟਲੈਂਡ
ਇਕ ਪੁਲੀਸ ਫ਼ੋਰਸ ਦਾ ਇਕ ਚੀਫ਼ ਕਨਸਟੇਬਲ
ਸਕੌਟਲੈਂਡ ਵਿਚ ਦ ਕੌਮਨ ਸਰਵਿਸਿਸ (ਏਜੈਨਸੀ) ਅਜਂਸੀ ਫ਼ੌਰ ਦ ਐੱਨ.ਐੱਚ.ਐੱਸ
ਇਕ ਹੈੱਲਥ ਬੋਰਡ
ਇਕ ਜੌਇੰਟ ਬੋਰਡ
ਦ ਕੀਪਰ ਔਫ਼ ਦ ਰਿਕੌਰਡਸ ਔਫ਼ ਕੌਟਲੈਂਡ ( ਦੇ ਰਿਕੌਰਡ ਰੱਖਣ ਵਾਲਾ)
ਦ ਕੀਪਰ ਔਫ਼ ਦ ਰੈਜਿਸਟਰਸ ਔਫ਼ ਕੌਟਲੈਂਡ (ਰਜਿਸਟਰ ਰੱਖਣ ਵਾਲਾ)
ਇਕ ਲਸੰਸ ਦੇਣ ਵਾਲਾ ਬੋਰਡ
ਇਕ ਲੋਕਲ ਅਥੌਰਿਟੀ
ਇਕ ਨੈਸ਼ਨਲ ਹੈੱਲਥ ਸਰਵਿਸ ਟ੍ਰੱਸਟ
ਇਕ ਪੁਲੀਸ ਅਥੌਰਿਟੀ
ਦ ਰੈਜਿਸਟਰਾਰ ਜਨਰਲ ਔਫ਼ ਬਰਥਸ, ਡੈੱਥਸ ਐਂਡ ਮੈਰਿਜਿਸ ਫ਼ੌਰ ਸਕੌਟਲੈਂਡ
ਸਕੌਟਿਸ਼ ਐਂਟਰਪ੍ਰਾਇਜ਼ ਐਂਡ ਹਾਈਲੈਂਡਸ ਐਂਡ ਆਈਸਲੈਂਡਸ ਐਂਟਰਪ੍ਰਾਇਜ਼
ਦ ਸਕੌਟਿਸ਼ ਹਾਇਰ ਐਜੁਕੇਸ਼ਨ ਫ਼ੰਡਿੰਗ ਕਾਉਂਸਿਲ
ਦ ਸਕੌਟਿਸ਼ ਫ਼ਰਦਰ ਐਜੁਕੇਸ਼ਨ ਫ਼ੰਡਿੰਗ ਕਾਉਂਸਿਲ
ਦ ਸਕੌਟਿਸ਼ ਲੀਗਲ ਏਅਡ ਬੋਰਡ
ਦ ਸਕੌਟਿਸ਼ ਮਿਨਿਸਟਰਸ
ਸਕੌਟਲੈਂਡ ਵਿਚ ਅਪਣੇ ਕੰਮਾਂ ਦੇ ਸਬੰਧ ਵਿਚ ਦ ਸਰਵਿਸ ਅਥੌਰਿਟੀ ਫ਼ੌਰ ਦ ਨੈਸ਼ਨਲ ਕ੍ਰਿਮਿਨਲ ਇੰਟੈਲਿਜੈਂਸ ਸਰਵਿਸ
ਇਕ ਸਪੈਸ਼ਲ ਹੈੱਲਥ ਬੋਰਡ
ਇਕ ਵੌਟਰ ਜਾਂ ਸਿਉਰੇਜ ਅਥੌਰਿਟੀ (ਪਾਣੀ ਜਾਂ ਗੰਦ ਸਾਫ਼ ਕਰਨ ਵਾਲੀ ਸੱਤਾ)

## ਸਿੱਖਿਅਕ/ਵਿੱਦਿਅਕ ਸੰਸਥਾਵਾਂ ਤੋਂ ਲਿਖ਼ਤੀ ਨਸਲੀ ਬਰਾਬਰੀ ਦੀ ਪੌਲਿਸੀ ਦੀ ਮੰਗ ਹੈ

ਸਿੱਖਿਅਕ ਅਥੌਰਿਟੀਆਂ, ਗ੍ਰਾਂਟ ਨਾਲ ਚੱਲਦੇ ਸਕੂਲਾਂ ਦੇ ਪਰਬੰਧਕਾਂ ਅਤੇ ਆਪਣਾ ਸੰਚਾਲਨ ਆਪ ਕਰਨ ਵਾਲੇ ਸਕੂਲਾਂ ਦੇ ਪਰਬੰਧਕ ਬੋਰਡ ਤੋਂ ਉਨ੍ਹਾਂ ਦੇ ਪਰਬੰਧ ਅਧੀਨ ਚੱਲਣ ਵਾਲੇ ਸਾਰੇ ਸਕੂਲਾਂ ਦੇ ਸਬੰਧ ਵਿਚ।
ਅਗੇਰੀ ਅਤੇ ਉਚੇਰੀ ਸਿੱਖਿਆ ਦੀਆਂ ਸੰਸਥਾਵਾਂ।

ਵਿਆਪਕ ਗਿਣਤੀ ਦੇ ਮੰਡਲ ਨੌਕਰੀਆਂ ਦੇਣ ਦੀਆਂ ਜ਼ਿੰਮੇਵਾਰੀਆਂ ਦੀ ਨਿਗਰਾਨੀ ਹੇਠ ਹੋਣਗੇ।

**ਇਸ ਕਾਨੂੰਨ ਬਾਰੇ ਵਧੇਰੇ ਜਾਣਕਾਰੀ ਹੋਮ ਔਫ਼ਿਸ ਤੋਂ ਹੇਠ ਲਿਖੇ ਪਤੇ’ਤੇ ਮਿਲਦੀ ਹੈ**

http://www.homeoffice.gov.uk/raceact/welcome.htm

ਦ ਸੀ. ਆਰ. ਈ. http://www.cre.gov.uk

**ਜਾਂ ਦ ਸਕੌਟਿਸ਼ ਐਗਜ਼ੈਕਯੂਟਿਵ ਇਕੁਵਾਲਿਟੀ ਯੂਨਿਟ ਤੋਂ**
**Scottish Executive Equality Unit,**
**Victoria Quay, Edinburgh EH6 6QQ**
**ਟੈਲੀਫ਼ੋਨ: 0131 244 5503**

ਇਹ ਲੀਫ਼ਲੈਟ(ਪਰਚਾ)ਸਮਾਜ ਦੀਆਂ ਹੋਰ ਭਾਸ਼ਾਵਾਂ ਵਿਚ ਸਕੌਟਿਸ਼ ਐਗਜ਼ੈਕਯੂਟਿਵ ਦੀ ਵੈੱਬਸਾਈਟ www.scotland.gov.uk ’ਤੇ ਵੇਖਿਆ ਜਾ ਸਕਦਾ ਹੈ।

Astron B24478
04.02